# पंजाब केसरी

**Friday, 29 July 2022**

पंजाब केसरी FRI,29 JULY 2022
EDITION: LUDHIANA, PAGE NO. 4


# बढ़ती जनसंख्या, घटते रोजगार

बढ़ती बेरोजगारी की हताशा आम लोगों का जीना मुश्किल कर रही है। बेरोजगारी किसी भी विकसित अथवा विकासशील राष्ट्र की अर्थव्यवस्था के लिए सबसे बड़ी चुनौती है। किसी भी व्यक्ति की बेरोजगारी तब आंकी जा सकती है, जब वह प्रचलित मजदूरी की दर पर काम करने को तैयार हो जाता है। इससे यह स्पष्ट होता है कि वह सफल होकर भी बेरोजगार है। समाज में पढ़े-लिखे लोगों का बेरोजगार बैठना सबसे ज्यादा चिंताजनक विषय है। इसके कई कारण हो सकते हैं, पर भारत जैसे विकासशील देश में शिक्षित वर्ग का बेरोजगार बैठना कोई साधारण बात नहीं।बढ़ती जनसंख्या और रोजगार के बीच तालमेल न बैठने के कारण शिक्षित लोगों की रोजगार प्राप्त करने की संभावनाएं बहुत कम हैं।


आज पूरा विश्व बेरोजगारी की मार सह रहा है, वहीं भारत में भी बेरोजगारी की बढ़ती दर अपनी चरम सीमा पर है।एक के बाद एक कोरोना महामारी की लहरों ने भी करोड़ों लोगों का रोजगार छीन कर रख दिया है, जिससे पढ़े-लिखे नौजवान बेरोजगार घूम रहे हैं। यदि वर्ष 2014 के बाद की बात की जाए तो सभी पैमानों पर रोजगार की स्थिति पहले से भी ज्यादा खराब हुई है। जरूरी पदों पर लंबे समय तक भर्तियां न निकलने की वजह से शिक्षित वर्ग बेरोजगार घूम रहा है। अब कोरोना महामारी के कारण प्राइवेट सैक्टर भी शिक्षित वर्ग को रोजगार देने में असमर्थ दिखाई पड़ रहा है।

आंकड़ों की मानें तो भारत में संगठित क्षेत्र में कुल रोजगार 6.7 प्रतिशत है, जबकि असंगठित क्षेत्र में 93.94 प्रतिशत लोग कार्य कर रहे हैं। इसलिए सरकार की श्रम नीति और रोजगार नीति को असंगठित क्षेत्रों पर अपना ध्यान केंद्रित करके ज्यादा से ज्यादा रोजगार पैदा करने चाहिएं, ताकि भारत का शिक्षित वर्ग रोजगार के लिए विदेशों पर आश्रित न रहे। वह खुद आत्मनिर्भर बन सके और दूसरों को भी रोजगार दे सके।



प्रि. डा. मोहन लाल शर्मा

हर देश की सरकार अपने राष्ट्र को बेरोजगारी से मुक्त करने के लिए हर संभव प्रयास करती है। इसी संदर्भ में यदि भारत की बात की जाए तो सरकार की तरफ से रोजगार बढ़ाने के लिए समय-समय पर हरसंभव प्रयास किए जा रहे हैं, बढ़ती बेरोजगारी को काबू में करने के लिए बहुत-सी ऐसी योजनाएं चलाई जा रही हैं, जिनसे भारत का शिक्षित नौजवान आत्मनिर्भर होकर अपना और देश का विकास कर सके। जैसे डिजिटल इंडिया मिशन, कौशल विकास से संबंधित पोर्टल चलाए जा रहे हैं।ऐसे ही कौशल विकास को बढ़ावा देने के लिए राष्ट्रीय नीति 2015 भी लाई गई थी और प्रधानमंत्री रोजगार सृजन विशेष कार्यक्रम चलाया जा रहा है।



इसी प्रकार की बहुत-सी योजनाओं का मकसद सिर्फ इतना ही है कि भारत का शिक्षित नौजवान बेरोजगारी की चपेट में न आए और उसे रोजगार के लिए विदेशों पर आश्रित न रहना पड़े।किंतु बेरोजगारी को खत्म करने के मामले में कोई खास फायदा नहीं मिल पा रहा। महामारी के बाद तो अब प्राइवेट सैक्टरों के भी हालात बेहद खराब हैं। आई.टी. इंडस्ट्रीज और साफ्टवेयर क्षेत्र से भी अब कोई खास उम्मीद नहीं दिख रही। बढ़ती जनसंख्या और बदलते हालातों को देखकर तो यही कहा जा सकता है कि सरकार को संगठित क्षेत्रों के साथ मिलकर कोई ठोस और लंबी योजना बनाने की जरूरत है।

सबसे पहले तो पूंजी प्रधान तकनीक के स्थान पर श्रम प्रधान तकनीक का प्रयोग किया जाना चाहिए। अधिक रोजगार बढ़ाने के लिए कृषि तथा औद्योगिक क्षेत्र के साथ सेवा क्षेत्र के उत्पादन को बढ़ाने की हरसंभव कोशिश करनी चाहिए। सरकारी योजनाओं में रोजगार के कार्यक्रमों पर ज्यादा से ज्यादा ध्यान दिया जाना चाहिए। लघु और कुटीर उद्योगों के विकास को बढ़ावा देने से भी काफी रोजगार पैदा हो सकते हैं। रोजगार के अधिक विस्तार के लिए श्रम की उत्पादकता और कुशलता में अधिक सुधार अपेक्षित हैं। उत्पादन की तकनीक को समय के अनुसार बदल कर संसाधनों एवं आवश्यकताओं के अनुसार बनाना चाहिए, ताकि हमारा देश बेरोजगारी से कोसों दूर रहते हुए 'आत्मनिर्भर भारत' बने।

drmlsharma5@gmail.com

ਜਗ ਬਾਣੀ

Friday, 29 July 2022

# ਵਧਦੀ ਆਬਾਦੀ, ਘਟਦੇ ਰੋਜ਼ਗਾਰ

ਵੱਧਦੀ ਬੇਰੁਜ਼ਗਾਰੀ ਦੀ ਪ੍ਰੇਸ਼ਾਨੀ ਆਮ ਲੋਕਾਂ ਦਾ ਜਿਊਣਾ ਮੁਹਾਲ ਕਰ ਰਹੀ ਹੈ। ਬੇਰੁਜ਼ਗਾਰੀ ਕਿਸੇ ਵੀ ਵਿਕਸਤ ਜਾਂ ਵਿਕਾਸਸ਼ੀਲ ਰਾਸ਼ਟਰ ਦੀ ਅਰਥਵਿਵਸਥਾ ਬੇਰੋਜ਼ਗਾਰੀ ਕਿਸੇ ਵੀ ਵਿਕਸਿਤ ਜਾਂ ਵਿਕਾਸਸ਼ੀਲ ਰਾਸ਼ਟਰ ਦੀ ਅਰਥਵਿਵਸਥਾ ਲਈ ਸਭ ਤੋਂ ਵੱਡੀ ਚੁਣੌਤੀ ਹੈ। ਕਿਸੇ ਵੀ ਵਿਅਕਤੀ ਦੀ ਬੇਰੋਜ਼ਗਾਰੀ ਉਦੋਂ ਮਿਥੀ ਜਾ ਸਕਦੀ ਹੈ ਜਦੋਂ ਉਹ ਪ੍ਰਚੱਲਿਤ ਮਜ਼ਦੂਰੀ ਦੀ ਦਰ 'ਤੇ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਹ ਸਫਲ ਹੋ ਕੇ ਵੀ ਬੇਰੋਜ਼ਗਾਰ ਹੈ। ਸਮਾਜ 'ਚ ਬੇਰੋਜ਼ਗਾਰ ਬੈਠਣਾ ਸਭ ਤੋਂ ਵੱਧ ਚਿੰਤਾਜਨਕ ਵਿਸ਼ਾ ਹੈ ਜਿਸ ਦੇ ਕਈ ਸਾਰੇ ਕਾਰਨ ਹੋ ਸਕਦੇ ਹਨ ਪਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ 'ਚ ਪੜ੍ਹੇ-ਲਿਖੇ ਵਰਗ ਦਾ ਬੇਰੋਜ਼ਗਾਰ ਬੈਠਣਾ ਕੋਈ ਸਾਧਾਰਨ ਗੱਲ ਨਹੀਂ ਹੈ। ਵਧਦੀ ਆਬਾਦੀ ਅਤੇ ਰੋਜ਼ਗਾਰ ਦਰਮਿਆਨ ਤਾਲਮੇਲ ਨਾ ਬੈਠਣ ਦੇ ਕਾਰਨ ਪੜ੍ਹੇ-ਲਿਖੇ ਲੋਕਾਂ ਦੀ ਆਂ ਰੋਜ਼ਗਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਬੜੀਆਂ ਘੱਟ ਹਨ।

ਅੱਜ ਪੂਰਾ ਵਿਸ਼ਵ ਬੇਰੋਜ਼ਗਾਰੀ ਦੀ ਮਾਰ ਸਹਿ ਰਿਹਾ ਹੈ, ਓਧਰ ਭਾਰਤ 'ਚ ਵੀ ਬੇਰੋਜ਼ਗਾਰੀ ਦੀ ਵਧਦੀ ਦਰ ਆਪਣੇ ਸਿਖਰ 'ਤੇ ਹੈ। ਇਕ ਦੇ ਬਾਅਦ ਇਕ ਕੋਰੋਨਾ ਮਹਾਮਾਰੀ ਦੀਆਂ ਲਹਿਰਾਂ ਨੇ ਵੀ ਕਰੋੜਾਂ ਲੋਕਾਂ ਦਾ ਰੋਜ਼ਗਾਰ ਗਵਾ ਕੇ ਰੱਖ ਦਿੱਤਾ ਜਿਸ ਨਾਲ ਪੜ੍ਹੇ-ਲਿਖੇ ਨੌਜਵਾਨ ਬੇਰੋਜ਼ਗਾਰ ਘੁੰਮ ਰਹੇ ਹਨ। ਜੇਕਰ ਸਾਲ 2014 ਦੇ ਬਾਅਦ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਮਾਪਦੰਡਾਂ 'ਤੇ ਰੋਜ਼ਗਾਰ ਦੀ ਹਾਲਤ ਪਹਿਲਾਂ ਨਾਲੋਂ ਵੀ ਵੱਧ ਖਰਾਬ ਹੋਈ ਹੈ। ਜ਼ਰੂਰੀ ਆਸਾਮੀਆਂ 'ਤੇ ਲੰਬੇ ਸਮੇਂ ਤਕ ਭਰਤੀਆਂ ਨਾ ਕੱਢਣ ਦੇ ਕਾਰਨ ਪੜ੍ਹਿਆ-ਲਿਖਿਆ ਵਰਗ ਬੇਰੋਜ਼ਗਾਰ ਘੁੰਮ ਰਿਹਾ ਹੈ। ਹੁਣ ਕੋਰੋਨਾ ਮਹਾਮਾਰੀ ਦੇ ਕਾਰਨ ਪ੍ਰਾਈਵੇਟ ਸੈਕਟਰ ਵੀ ਪੜ੍ਹੇ-ਲਿਖੇ ਵਰਗ ਨੂੰ ਰੋਜ਼ਗਾਰ ਦੇਣ 'ਚ ਅਸਮਰੱਥ ਦਿਖਾਈ ਦੇ ਰਿਹਾ ਹੈ।

ਅੰਕੜਿਆਂ ਦੀ ਮੰਨੀਏ ਤਾਂ ਭਾਰਤ 'ਚ ਸੰਗਠਿਤ ਖੇਤਰਾਂ 'ਚ ਕੁਲ ਰੋਜ਼ਗਾਰ 6.7 ਫੀਸਦੀ ਹੈ ਜਦਕਿ ਗੈਰ-ਸੰਗਠਿਤ ਖੇਤਰ 'ਚ 93.94 ਫੀਸਦੀ ਲੋਕ ਕੰਮ ਕਰ ਰਹੇ ਹਨ। ਇਸ ਲਈ



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਸਰਕਾਰ ਦੀ ਕਿਰਤ ਨੀਤੀ ਅਤੇ ਰੋਜ਼ਗਾਰ ਨੀਤੀ ਨੂੰ ਗੈਰ-ਸੰਗਠਿਤ ਖੇਤਰਾਂ 'ਤੇ ਆਪਣਾ ਧਿਆਨ ਕੇਂਦਰਿਤ ਕਰ ਕੇ ਵੱਧ ਤੋਂ ਵੱਧ ਰੋਜ਼ਗਾਰ ਪੈਦਾ ਕਰਨੇ ਚਾਹੀਦੇ ਹਨ ਜਿਸ ਨਾਲ ਭਾਰਤ ਦਾ ਪੜ੍ਹਿਆ-ਲਿਖਿਆ ਵਰਗ ਰੋਜ਼ਗਾਰ ਲਈ ਵਿਦੇਸ਼ਾਂ 'ਤੇ ਨਿਰਭਰ ਨਾ ਰਹੇ। ਉਹ ਖੁਦ ਆਤਮਨਿਰਭਰ ਬਣ ਸਕੇ ਅਤੇ ਦੂਜਿਆਂ ਨੂੰ ਵੀ ਰੋਜ਼ਗਾਰ ਦੇ ਸਕੇ।

ਹਰ ਦੇਸ਼ ਦੀ ਸਰਕਾਰ ਆਪਣੇ ਰਾਸ਼ਟਰ ਨੂੰ ਬੇਰੋਜ਼ਗਾਰੀ ਤੋਂ ਮੁਕਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਇਸ ਸੰਦਰਭ 'ਚ ਜੇਕਰ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਸਰਕਾਰ ਵੱਲੋਂ ਰੋਜ਼ਗਾਰ ਵਧਾਉਣ ਲਈ ਸਮੇਂ-ਸਮੇਂ 'ਤੇ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਧਦੀ ਬੇਰੋਜ਼ਗਾਰੀ ਨੂੰ ਕਾਬੂ ਕਰਨ ਲਈ ਬਹੁਤ ਸਾਰੀਆਂ ਅਜਿਹੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਜਿਸ ਨਾਲ ਭਾਰਤ ਦੇ ਪੜ੍ਹੇ-ਲਿਖੇ ਨੌਜਵਾਨ ਆਤਮਨਿਰਭਰ ਹੋ ਕੇ ਆਪਣਾ ਅਤੇ ਦੇਸ਼ ਦਾ ਵਿਕਾਸ ਕਰ ਸਕਣ। ਜਿਵੇਂ ਡਿਜੀਟਲ ਇੰਡੀਆ ਮਿਸ਼ਨ, ਹੁਨਰ ਵਿਕਾਸ ਨਾਲ ਸਬੰਧਤ ਪੋਰਟਲ ਚਲਾਏ ਜਾ ਰਹੇ ਹਨ, ਇਵੇਂ ਹੀ ਹੁਨਰ ਵਿਕਾਸ ਨੂੰ ਵਧਾਉਣ ਲਈ ਰਾਸ਼ਟਰੀ ਨੀਤੀ 2015 ਨੂੰ ਵੀ ਲਿਆਂਦਾ ਗਿਆ ਸੀ ਅਤੇ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਨ ਵਿਸ਼ੇਸ਼ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।



ਇਸੇ ਤਰ੍ਹਾਂ ਬਹੁਤ ਸਾਰੀਆਂ ਯੋਜਨਾਵਾਂ ਦਾ ਮਕਸਦ ਸਿਰਫ ਇੰਨਾ ਹੀ ਹੈ ਕਿ ਭਾਰਤ ਦਾ ਪੜ੍ਹਿਆ-ਲਿਖਿਆ ਨੌਜਵਾਨ ਬੇਰੋਜ਼ਗਾਰੀ ਦੀ ਲਪੇਟ 'ਚ ਨਾ ਆਵੇ ਅਤੇ ਉਸ ਨੂੰ ਰੋਜ਼ਗਾਰ ਲਈ ਵਿਦੇਸ਼ਾਂ 'ਤੇ ਨਿਰਭਰ ਨਾ ਰਹਿਣਾ ਪਵੇ ਪਰ ਬੇਰੋਜ਼ਗਾਰੀ ਨੂੰ ਖਤਮ ਕਰਨ ਦੇ ਵਿਸ਼ੇ 'ਚ ਕੋਈ ਖਾਸ ਫਾਇਦਾ ਨਹੀਂ ਮਿਲ ਰਿਹਾ। ਮਹਾਮਾਰੀ ਦੇ ਬਾਅਦ ਤਾਂ ਹੁਣ ਪ੍ਰਾਈਵੇਟ ਸੈਕਟਰਾਂ ਦੇ ਵੀ ਹਾਲਾਤ ਬੇਹੱਦ ਖਰਾਬ ਹਨ। ਆਈ. ਟੀ. ਇੰਡਸਟਰੀਜ਼ ਅਤੇ ਸਾਫਟਵੇਅਰ ਤੋਂ ਵੀ ਕੋਈ ਖਾਸ ਆਸ ਨਹੀਂ ਦਿਸ ਰਹੀ ਹੈ। ਵਧਦੀ ਆਬਾਦੀ ਅਤੇ ਬਦਲਦੇ ਹਾਲਾਤ ਨੂੰ ਦੇਖ ਕੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਸਰਕਾਰ ਨੂੰ ਸੰਗਠਿਤ ਖੇਤਰਾਂ ਨਾਲ ਮਿਲ ਕੇ ਕੋਈ ਠੋਸ ਅਤੇ ਲੰਬੀ ਯੋਜਨਾ ਬਣਾਉਣ ਦੀ ਲੋੜ ਹੈ।

ਸਭ ਤੋਂ ਪਹਿਲਾਂ ਤਾਂ ਪੂੰਜੀ ਪ੍ਰਧਾਨ ਤਕਨੀਕ ਦੀ ਥਾਂ 'ਤੇ ਕਿਰਤ ਪ੍ਰਧਾਨ ਤਕਨੀਕ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਵੱਧ ਰੋਜ਼ਗਾਰ ਵਧਾਉਣ ਲਈ ਖੇਤੀ ਅਤੇ ਉਦਯੋਗਿਕ ਖੇਤਰ ਦੇ ਨਾਲ ਸੇਵਾ ਖੇਤਰ ਦੇ ਉਤਪਾਦਨ ਨੂੰ ਵਧਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਰਕਾਰੀ ਯੋਜਨਾਵਾਂ 'ਚ ਰੋਜ਼ਗਾਰ ਦੇ ਪ੍ਰੋਗਰਾਮਾਂ 'ਤੇ ਵੱਧ ਤੋਂ ਵੱਧ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਲਘੂ ਅਤੇ ਪੇਂਡੂ ਉਦਯੋਗਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਨਾਲ ਵੀ ਕਾਫੀ ਸਾਰੇ ਰੋਜ਼ਗਾਰ ਪ੍ਰਾਪਤ ਹੋ ਸਕਦੇ ਹਨ। ਰੋਜ਼ਗਾਰ ਦੇ ਵੱਧ ਵਿਸਤਾਰ ਲਈ ਕਿਰਤ ਦੀ ਉਤਪਾਦਿਕਤਾ ਅਤੇ ਹੁਨਰਤਾ 'ਚ ਵੱਧ ਸੁਧਾਰ ਲੋੜੀਂਦੇ ਹਨ। ਉਤਪਾਦਨ ਦੀ ਤਕਨੀਕ ਨੂੰ ਸਮੇਂ ਦੇ ਅਨੁਸਾਰ ਬਦਲ ਕੇ ਸੋਮਿਆਂ ਅਤੇ ਲੋੜਾਂ ਦੇ ਅਨੁਸਾਰ ਬਣਾਉਣਾ ਚਾਹੀਦਾ ਹੈ, ਤਾਂ ਜੋ ਸਾਡਾ ਦੇਸ਼ ਬੇਰੋਜ਼ਗਾਰੀ ਤੋਂ ਕੋਸਾਂ ਦੂਰ ਰਹਿੰਦੇ ਹੋਏ 'ਆਤਮਨਿਰਭਰ ਭਾਰਤ' ਬਣੇ।

drmlsharma5@gmail.com